# 10

# ''ਤੇਰਾ ਪੁੱਤਰ ਜ਼ਿੰਦਾ ਹੈ''

## (4:46-54)

ਹਾਰਡਿੰਗ ਕਾਲਜ ਵਿਚ ਮੇਰੇ ਸੀਨੀਅਰ ਹੋਣ ਦੇ ਵਰ੍ਹੇ ਦੇ ਅਰੰਭ ਭਾਵ 1977 ਦੇ ਸਿਤੰਬਰ ਦੇ ਅਖ਼ੀਰ ਵਿਚ ਅਮਰੀਕਾ ਵਿਚ ਸਰਸੀ, ਆਰਕੈਂਸਾ ਤੋਂ ਫਲੋਰੈਂਸ, ਅਲਾਬਾਮਾ ਲਈ ਸੋਲਵਿਨਿੰਗ (ਰੂਹਾਂ ਜਿੱਤਣ ਵਾਲੇ) ਵਰਕਸ਼ਾਪ ਵਿਚ ਭਾਗ ਲੈਣ ਲਈ ਗਏ। ਉਸ ਹਫ਼ਤੇ ਦੇ ਅਖ਼ੀਰ ਵਿਚ ਮੈਂ ਜਿਹੜੀ ਸਭ ਤੋਂ ਅਜੀਬ ਗੱਲ ਸੁਣੀ ਅਤੇ ਮਹਿਸੂਸ ਕੀਤੀ, ਉਹ ਉੱਥੇ ਜਮ੍ਹਾ ਹੋਏ ਸਾਡੇ ਵਿੱਚੋਂ ਕਈ ਲੋਕਾਂ ਦੇ ਹੀਰੋ ਅਤੇ ਇਕ ਬਜ਼ੁਰਗ ਮਿਸ਼ਨਰੀ ਓਟਿਸ ਗੇਟਵੁੱਡ ਦਾ ਸ਼ਾਨਦਾਰ ਲੈਕਚਰ ਸੀ। ਉਸ ਨੂੰ ਮਿਸ਼ਨ ਦੇ ਇਸ ਖੇਤਰ ਵਿਚ ਤੀਹ ਤੋਂ ਵੱਧ ਸਾਲਾਂ ਦੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਵਿਚ ਵੀ ਕਾਇਮ ਰਹਿਣ ਤੇ ਬੋਲਣ ਲਈ ਕਿਹਾ ਗਿਆ ਸੀ। ਉਸ ਰਾਤ ਉਸ ਨੇ ਇਕੱਲੇਪਣ, ਭਰਾਵਾਂ ਦੇ ਵਿਰੋਧ, ਸਰਕਾਰਾਂ ਵੱਲੋਂ ਸਤਾਏ ਜਾਣ, ਅਜ਼ੀਜ਼ਾਂ ਅਤੇ ਸਾਥੀਆਂ ਦੀ ਮੌਤ ਅਤੇ ਇੰਜੀਲ ਨੂੰ ਫੈਲਾਉਣ ਵਿਚ ਪ੍ਰੇਮ ਦੀ ਆਪਣੀ ਮਿਹਨਤ ਵਿਚ ਤਕਲੀਫ਼ਾਂ ਬਾਰੇ ਸੁਣਾਇਆ।

ਯੂਰਪ ਵਿਚ ਜ਼ਿੰਦਗੀ ਭਰ ਵਿਚ ਕੀਤੇ ਗਏ ਆਪਣੇ ਕੰਮ ਦੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਭਾਈ ਗੇਟਵੁੱਡ ਨੂੰ ਸੁਣਨਾ ਸਾਡੇ ਲਈ ਖੁਸ਼ੀ ਦੇਣ ਵਾਲਾ ਸੀ, ਪਰ ਸਾਨੂੰ ਉਸ ਰਾਤ ਦੀਆਂ ਬਾਕੀ ਗੱਲਾਂ ਵਿੱਚੋਂ ਉਨ੍ਹਾਂ ਵੱਲੋਂ ਵਰਤੀਆਂ ਯੂਹੰਨਾ 4:46-54 ਦੀਆਂ ਆਇਤਾਂ ਯਾਦ ਹਨ। ਇੰਟਰਨੈਸ਼ਨਲ ਬਾਈਬਲ ਕਾਲਜ ਦੇ ਪ੍ਰੈਜ਼ੀਡੈਂਟ ਅਤੇ ਲੈਕਚਰਸ਼ਿਪ ਦੇ ਨਿਰਦੇਸ਼ਕ ਚਾਰਲਸ ਕੌਇਲ ਨੇ ਭਾਈ ਗੇਟਵੁੱਡ ਨੂੰ ਬੋਲਣ ਲਈ ਸੱਦਿਆ ਸੀ ਅਤੇ ਸੁਝਾਅ ਦਿੱਤਾ ਸੀ ਕਿ ਬਾਈਬਲ ਦਾ ਇਹ ਭਾਗ ਉਨ੍ਹਾਂ ਦੇ ਸੰਦੇਸ਼ ਲਈ ਵਰਤਿਆ ਜਾਵੇਗਾ, ਉਸ ਸੰਦੇਸ਼ ਨਾਲ ਜਿਸ ਨੂੰ ''ਰਾਤ ਵਿਚ ਚੱਲਦੇ ਰਹੋ'' ਨਾਂਅ ਦਿੱਤਾ ਗਿਆ ਸੀ, ਉਦ ਤੋਂ ਲੈ ਕੇ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨ ਲਈ ਮੈਨੂੰ ਅਧਾਰ ਮਿਲਿਆ ਹੈ। ਮੈਂ ਇਨ੍ਹਾਂ ਆਇਤਾਂ ਨੂੰ ਲੋਕਾਂ ਨਾਲ ਨਿੱਜੀ ਬਾਈਬਲ ਅਧਿਐਨਾਂ ਦੌਰਾਨ ਸਾਂਝਿਆਂ ਕੀਤਾ ਹੈ ਅਤੇ ਕਬਰਸਤਾਨ ਵਿਚ ਲੋਕਾਂ ਦੀਆਂ ਜ਼ਿੰਦਗੀਆਂ ਦੇ ਸਭ ਤੋਂ ਔਖੇ ਸਮਿਆਂ ਵਿਚ ਵੀ ਇਨ੍ਹਾਂ ਨੂੰ ਪੜ੍ਹਿਆ ਹੈ। ਪਵਿੱਤਰ ਲਿਖਤ ਦੀਆਂ ਇਹ ਆਇਤਾਂ ਖ਼ੂਬਸੂਰਤ, ਸ਼ਕਤੀਸ਼ਾਲੀ, ਚੁਣੌਤੀ ਭਰੀਆਂ ਅਤੇ ਦਲੇਰ ਕਰਨ ਵਾਲੀਆਂ ਹਨ; ਇਹ ਸਾਡੇ ਪਾਠ ਦਾ ਅਧਾਰ ਹਨ।

## ਨਿਰਾਸ਼ ਪਿਤਾ (4:46, 47)

ਸਾਮਰੀਆਂ ਨਾਲ ਮੁਲਾਕਾਤ ਦੇ ਬਾਅਦ, ਯਿਸੂ ਗਲੀਲ ਵਿਚ ਚਲਿਆ ਗਿਆ, ਜਿੱਥੇ ਉਸਦੀ ਮਸ਼ਹੂਰੀ ਲਗਾਤਾਰ ਵਧਦੀ ਹੀ ਜਾ ਰਹੀ ਸੀ। ਕਾਨਾ ਵਿਚ ਵਾਪਸ ਆਉਣ ਤੇ ਜਿੱਥੇ ਉਸਨੇ ਪਹਿਲਾਂ ਨਿਸ਼ਾਨ ਵਿਖਾਇਆ ਸੀ, ਯਿਸੂ ਨੂੰ ਰਾਜੇ ਦਾ ਇਕ ਕਰਮਚਾਰੀ ਮਿਲਿਆ ਸੀ ਜਿਹੜਾ ਆਪਣੇ ਪੁੱਤਰ ਦੀ ਜ਼ਿੰਦਗੀ ਲਈ ਬੇਨਤੀ ਕਰਨ ਆਇਆ ਸੀ। ਵਿਸ਼ਵਾਸ ਦੇ ਸਫ਼ਰ ਵਿਚ ਸਾਡੇ ਲਈ ਇਨ੍ਹਾਂ ਦੋਹਾਂ ਲੋਕਾਂ ਦੀ ਗੱਲਬਾਤ ਇਕ ਨਮੂਨਾ ਦਿੰਦੀ ਹੈ।

ਰਾਜੇ ਦੇ ਉਸ ਕਰਮਚਾਰੀ ਦੇ ਅਹੁਦੇ ਜਾਂ ਸਿਆਸਤ ਬਾਰੇ ਅਸੀਂ ਜ਼ਾਹਿਰ ਤੌਰ ਤੇ ਬਹੁਤ ਹੀ ਘੱਟ ਜਾਣਦੇ ਹਾਂ। ਅਸੀਂ ਐਨਾ ਜਾਣਦੇ ਹਾਂ ਕਿ ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ ਕਟਵਾਉਣ ਦਾ ਹੁਕਮ ਦੇਣ ਵਾਲੇ ਦੁਸ਼ਟ ਹਾਕਮ ਹੈਰੋਦੇਸ ਅੰਤਿਪੁਸ ਦੇ ਨਾਂਅ ਨਾਲ ਮਸ਼ਹੂਰ ਸੀ, ਦੇ ਰਾਜ ਦਾ ਕਰਮਚਾਰੀ ਸੀ। ਸੱਤਾ ਵਿਚ ਬੈਠੇ ਲੋਕਾਂ ਨਾਲ ਉਸਦੇ ਖਾਸ ਸਬੰਧਾਂ ਕਰਕੇ ਅਸੀਂ ਇਹ ਵੀ ਅੰਦਾਜ਼ਾ ਲਾ ਸਕਦੇ ਹਾਂ ਕਿ ਉਨ੍ਹਾਂ ਦਾ ਆਪਣਾ ਖਾਸ ਅਸਰ ਸੀ।

ਕਾਨਾ ਨਾਮਕ ਜਗ੍ਹਾ, ਜਿੱਥੇ ਇਹ ਕਰਮਚਾਰੀ ਯਿਸੂ ਨੂੰ ਮਿਲਿਆ ਸੀ, ਕਫ਼ਰਨਾਹੂਮ ਤੋਂ ਵੀਹ ਕੁ ਮੀਲ ਦੂਰ ਹੋਵੇਗਾ[1] ਜਿੱਥੇ ਉਹ ਮੁੰਡਾ ਬੀਮਾਰ ਪਿਆ ਸੀ। ਇਹ ਸੁਣ ਕੇ ਕਿ ਯਿਸੂ ਕਾਨਾ ਵਿਚ ਹੈ, ਉਹ ਉਸ ਕੋਲ ਇਹ ਕਹਿਣ ਗਿਆ ਕਿ ਉਸ ਦੇ ਪੁੱਤਰ ਨੂੰ ਜੋ ''ਮਰਨ ਨੂੰ ਸੀ'' (4:47) ਚੰਗਾ ਕਰਨ ਲਈ ਉਹਦੇ ਨਾਲ ਚੱਲੇ। ਇਸ ਆਦਮੀ ਬਾਰੇ ਮੈਂ ਬਹੁਤਾ ਤਾਂ ਨਹੀਂ ਜਾਣਦਾ, ਪਰ ਐਨਾ ਜ਼ਰੂਰ ਜਾਣਦਾ ਹਾਂ ਕਿ ਜਦ ਕਿਸੇ ਪਿਤਾ ਦਾ ਬੱਚਾ ਐਨੀ ਨਾਜ਼ੁਕ ਹਾਲਤ ਵਿਚ ਹੋਵੇ ਤਾਂ ਉਸ ਨੂੰ ਕੁਝ ਚੰਗਾ ਨਹੀਂ ਲੱਗਦਾ!

ਕਈ ਸਾਲ ਪਹਿਲਾਂ, ਮੇਰੀ ਇਕ ਬੇਟੀ ਦੇ ਖ਼ੂਨ ਵਿਚ ਇਨਫ਼ੈਕਸ਼ਨ ਹੋ ਗਿਆ ਜੋ ਠੀਕ ਨਹੀਂ ਹੋ ਰਿਹਾ ਸੀ। ਉਹਦੇ ਜਿਸਮ ਵਿਚ ਜੋ ਵੀ ਇਨਫ਼ੈਕਸ਼ਨ ਸੀ ਉਸ ਨੂੰ ਦੂਰ ਕਰਨ ਲਈ ਬਾਰ-ਬਾਰ ਐਂਟੀਬਾਓਟਿਕ ਦਵਾਈਆਂ ਦਿੱਤੀਆਂ ਜਾ ਰਹੀਆਂ ਸਨ, ਸੋ ਬੱਚਿਆਂ ਦੇ ਡਾਕਟਰ ਨੇ ਸਾਨੂੰ ਉਸਦੇ ਖ਼ੂਨ ਦੀ ਜਾਂਚ ਕਰਵਾਉਣ ਲਈ ਹਸਪਤਾਲ ਭੇਜਿਆ। ਕਿਸੇ ਨੇ ਸਾਨੂੰ ਦੱਸਿਆ ਨਹੀਂ ਪਰ ਸਾਨੂੰ ਪਤਾ ਸੀ ਲਿਊਕੀਮੀਆ (ਸਫ਼ੈਦ ਸੈੱਲ) ਲਈ ਟੈਸਟ ਕਰਵਾ ਰਹੇ ਸਾਂ। ਮੇਰੀ ਜ਼ਿੰਦਗੀ ਦਾ ਇਹ ਸਭ ਤੋਂ ਲੰਮਾ ਦਿਨ ਸੀ। ਦਿਨ ਵਿਚ ਜੋ ਵੀ ਕੁਝ ਵਾਪਰਿਆ ਉਹ ਇਕ ਇਕ ਕਰਕੇ ਮੇਰੇ ਧਿਆਨ ਵਿਚੋਂ ਜਾ ਰਿਹਾ ਸੀ। ਮੈਨੂੰ ਸਿਰਫ਼ ਆਪਣੀ ਛੋਟੀ ਬੇਟੀ ਦੀ ਸਿਹਤ ਦੀ ਚਿੰਤਾ ਸੀ। ਪਰਮੇਸ਼ੁਰ ਦਾ ਧੰਨਵਾਦ ਕਰਦਾ ਹੈ ਕਿ ਉਸਦੇ ਖ਼ੂਨ ਦੀ ਰਿਪੋਰਟ ਸਹੀ ਪਾਈ ਗਈ, ਪਰ ਮੈਂ ਉਸ ਦਿਨ ਨੂੰ ਕਦੀ ਨਹੀਂ ਭੁੱਲਾਂਗਾ ਜਦ ਉਸ ਦੀ ਜਾਨ ਜਾਣ ਦੇ ਭੈਅ ਕਾਰਣ ਸਾਰਾ ਸੰਸਾਰ ਮੈਥੋਂ ''ਛੁੱਟ ਗਿਆ'' ਸੀ।

ਇਸ ਪਾਠ ਵਿਚ ਵਰਣਿਤ ਪਿਤਾ ਹੇਰੋਦੇਸ ਲਈ ਕੰਮ ਕਰਦਾ ਸੀ, ਜਿਸ ਨਾਲ ਲੋਕਾਂ ਵਿਚ ਉਸ ਦਾ ਰਾਜਨੀਤਿਕ ਪ੍ਰਭਾਵ ਹੋਵੇਗਾ। ਮਰਕੁਸ ਦੇ ਵਿਰਤਾਂਤ, ਵਿਚ ਇਕ ਦਿਲਚਸਪ ਕ੍ਰਾਸ ਰੈਫ਼ਰੈਂਸ ਵਿਚ ਸੰਕੇਤ ਮਿਲਦਾ ਹੈ ਕਿ ਯਿਸੂ ਦੀ ਮੌਤ ਦੀ ਯੋਜਨਾ ਰਚਣ ਵਿਚ ਹੇਰੋਦੇਸੀਆਂ ਦਾ ਹੱਥ ਸੀ। ਉਸ ਘਟਨਾ ਦੇ ਬਾਅਦ ਜਿਸ ਵਿਚ ਯਿਸੂ ਨੇ ਸੱਬਤ ਦੇ ਦਿਨ ਸੁੱਕੇ ਹੱਥ ਵਾਲੇ ਇਕ ਆਦਮੀ ਨੂੰ ਠੀਕ ਕੀਤਾ ਸੀ, ਅਸੀਂ ਪੜ੍ਹਦੇ ਹਾਂ, ''ਫ਼ਰੀਸੀਆਂ ਨੇ ਨਿੱਕਲ ਕੇ ਉਸੇ ਵੇਲੇ ਹੇਰੋਦੀਆਂ ਨਾਲ ਉਹ ਦੇ ਵਿਰੁੱਧ ਮਤਾ ਪਕਾਇਆ ਜੋ ਕਿ ਇਸ ਤਰਾਂ ਉਸ ਦਾ ਨਾਸ ਕਰੀਏ'' (ਮਰਕੁਸ 3:6)। ਇਹ ਸੰਭਵ ਹੈ ਕਿ ਜਿਸ ਪਿਤਾ ਦਾ ਇਸ ਕਹਾਣੀ ਵਿਚ ਜ਼ਿਕਰ ਹੈ, ਇਸ ਸਮੇਂ ਉਹ ਯਿਸੂ ਦੀ ਮੌਤ ਚਾਹੁੰਦਾ ਹੋਵੇ। ਪਰ ਇਹ ਸਚ ਹੈ ਤਾਂ ਸਿਆਸੀ ਸੀ; ਜਦ ਕੋਈ ਬੱਚਾ ਮਰ ਰਿਹਾ ਹੁੰਦਾ ਹੈ ਤਾਂ ਸਿਆਸਤ ਕਿਸੇ ਕੰਮ ਨਹੀਂ ਆਉਂਦੀ!

1981 ਵਿਚ ਵੀ ਅਜਿਹੇ ਹੀ ਹਾਲਾਤ ਪੈਦਾ ਹੋ ਗਏ ਸਨ, ਜਦ ਅਮਰੀਕਾ ਦੇ ਰਾਸ਼ਟਰਪਤੀ ਰੀਗਨ ਨੂੰ ਗੋਲੀ ਮਾਰੀ ਗਈ ਸੀ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ ਸੀ। ਉਨ੍ਹਾਂ ਨੂੰ ਫ਼ੌਰਨ ਅਪ੍ਰੇਸ਼ਨ ਥਿਏਟਰ ਲਿਜਾਇਆ ਗਿਆ। ਆਪਣੇ ਡਾਕਟਰ ਨੂੰ ਵੇਖ ਕੇ, ਰਾਸ਼ਟਰਪਤੀ ਨੇ ਆਕਸੀਜਨ ਮਾਸਕ ਲਾਹੁੰਦਿਆਂ ਆਪਣੇ ਯਾਦਗਾਰੀ ਮਜ਼ਾਕ ਵਿਚ ਪੁੱਛਿਆ ਸੀ, ''ਭਲਾ ਤੁਸੀਂ ਰਿਬਲੀਕਨ ਹੋ?'' ਜਵਾਬ ਵਿਚ ਡਾਕਟਰ ਨੇ ਆਕਸੀਜਨ ਮਾਸਕ ਫੇਰ

ਲਾਉਂਦਿਆਂ ਆਖਿਆ ਸੀ, ''ਰਾਸ਼ਟਰਪਤੀ ਸਾਹਿਬ, ਅੱਜ ਅਸੀਂ ਸਭ ਰਿਪਬਲੀਕਨ ਹੀ ਹਾਂ!'' ਜਦ ਜ਼ਿੰਦਗੀ ਦਾਅ ਤੇ ਲੱਗੀ ਹੋਵੇ ਤਾਂ ਪਾਰਟੀ ਦੇ ਸਭ ਮੱਤਭੇਦ ਪਿੱਛੇ ਛੁੱਟ ਜਾਂਦੇ ਹਨ।

ਇਸ ਪਾਠ ਵਿਚ ਅੱਗੇ ਵਧਣ ਤੋਂ ਪਹਿਲਾਂ ਉਸ ਪਿਤਾ ਦੀ ਬੇਨਤੀ ਦੀ ਇਕ ਹੋਰ ਗੱਲ ਤੇ ਧਿਆਨ ਦੇਣਾ ਚਾਹੀਦਾ ਹੈ। ਯਿਸੂ ਕੋਲ ਆ ਕੇ ਉਹ ਯਿਸੂ ਅੱਗੇ ''ਬੇਨਤੀ ਕਰਨ ਲੱਗਾ'' ਕਿ ਇਕ ਹੋਰ ਗੱਲ ਤੇ ਧਿਆਨ ਦੇਣਾ ਚਾਹੀਦਾ ਹੈ। ਯੂਨਾਨੀ ਕਿਰਿਆ ਦਾ ਵਾਕ ਅਧੂਰਾ ਹੈ ਜਿਸ ਵਿਚ ਲਗਾਤਾਰ ਕਿਰਿਆ ਦਾ ਸੰਕੇਤ ਹੈ। ਬਾਕੀ ਸ਼ਬਦਾਂ ਵਿਚ, ਇਹ ਕਰਮਚਾਰੀ ਜੋ ਲੋਕਾਂ ਦੀ ਨਜ਼ਰ ਵਿਚ ਮਹੱਤਵਪੂਰਣ ਵਿਅਕਤੀ ਹੋਵੇਗਾ, ਯਿਸੂ ਤੋਂ ਆਪਣੇ ਪੁੱਤਰ ਦੀ ਜਾਨ ਦੀ ਭੀਖ ਮੰਗ ਰਿਹਾ ਸੀ! ਉਹਦੇ ਲਈ ਯਿਸੂ ਆਖ਼ਰੀ ਉਮੀਦ ਸੀ, ਸੋ ਉਸ ਨੇ ਆਪਣਾ ਘੁਮੰਡ ਤਿਆਗ ਕੇ ਆਪਣੇ ਬੱਚੇ ਦੀ ਜਾਨ ਬਚਾਉਣ ਲਈ ਇਸ ਵਿਵਾਦਤ ਅਤੇ ਕੰਗਾਲ ਰੱਬੀ ਦੀ ਮਿੰਨਤ ਕੀਤੀ ਸੀ।

## ਪਰਵਾਹ ਕਰਨ ਵਾਲਾ ਮੁਕਤੀਦਾਤਾ (4:48-50)

ਯਿਸੂ ਨੇ ਲੜਕੇ ਦੇ ਪਿਤਾ ਦੀ ਬੇਨਤੀ ਸੁਣ ਕੇ ਸਭ ਤੋਂ ਪਹਿਲਾਂ ਕੋਲ ਖਲੋਤੇ ਲੋਕਾਂ ਨੂੰ ਝਿੜਕਿਆ। ਉਸਨੇ ਕਿਹਾ, ''ਜੇ ਤੁਸੀਂ ਨਿਸ਼ਾਨ ਅਤੇ ਅਚਰਜ ਕੰਮ ਨਾ ਵੇਖੋ ਤਾਂ ਪਰਤੀਤ ਕਦੀ ਨਾ ਕਰੋਗੇ'' (ਯੂਹੰਨਾ 4:48)। ਇਕ ਵਾਰ ਫੇਰ ਅਸੀਂ ਯਿਸੂ ਦੇ ਰੁੱਖੇ ਜਵਾਬ ਤੇ ਹੈਰਾਨ ਹੋ ਜਾਂਦੇ ਹਾਂ। ਪ੍ਰਭੂ ਤੋਂ ਸਾਨੂੰ ਕੋਮਲਤਾ ਦਿਲੇਰੀ ਅਤੇ ਆਸ ਬੰਨ੍ਹਾਉਣ ਦੀ ਉਮੀਦ ਹੋਵੇਗੀ ਪਰ ਸਾਨੂੰ ਡਾਂਟ ਮਿਲਦੀ ਹੈ। ਅਸੀਂ ਇਕ ਵਾਰ ਫੇਰ ਵੇਖਦੇ ਹਾਂ ਕਿ ਯਿਸੂ ਲੋਕਾਂ ਨੂੰ ਵਿਸ਼ਵਾਸ ਵੱਲ ਲਿਜਾ ਰਿਹਾ ਹੈ ਅਤੇ ਜ਼ੋਰ ਦੇ ਕਹਿ ਰਿਹਾ ਹੈ ਕਿ ਉਹ ਵਿਸ਼ਵਾਸ ਦੀਆਂ ਘਟੀਆ ਦਰਜੇ ਦੀਆਂ ਨਕਲਾਂ ਤੋਂ ਦੂਰ ਰਹਿਣ।[2]

ਯਿਸੂ ਦੀ ਝਿੜਕ ਨਾਲ ਸਾਨੂੰ ਇਸ ਤੇ ਵਿਚਾਰ ਕਰਨ ਦਾ ਮੌਕਾ ਮਿਲਦਾ ਹੈ ਕਿ ਅਸੀਂ ਦੂਜਿਆਂ ਦੀ ਮਦਦ ਦੇ ਨਾਂਅ ਤੇ ਕੀ ਕਰਦੇ ਹਾਂ। ਭਲਾ ਅਸੀਂ ਸੱਚਾਈ ਲਈ ਸਮਰਪਿਤ ਹਾਂ ਜਾਂ ਅਰਾਮ ਲਈ? ਨਿਰਾਸ਼ਾ ਵਿੱਚੋਂ ਕੱਢਣਾ ਹੈ? ਮੈਂ ਅਕਸਰ ਹੈਨਰੀ ਨਿਊਵੇਨ ਦੇ ਇਨ੍ਹਾਂ ਸ਼ਬਦਾਂ ਤੋਂ ਚੇਤਾਵਨੀ ਅਤੇ ਡਾਂਟ ਖਾਂਦਾ ਹਾਂ:

> ਸੇਵਕ ਕੋਈ ਡਾਕਟਰ ਨਹੀਂ ਹੁੰਦਾ ਜਿਸ ਦਾ ਮੁੱਖ ਕੰਮ ਦਰਦ ਨਿਵਾਰਕ ਹੋਵੇ। ...
>
> ਸੇਵਕ ਦਾ ਮੁੱਖ ਕੰਮ ਲੋਕਾਂ ਨੂੰ ਗ਼ਲਤ ਕਾਰਣਾਂ ਕਰਕੇ ਦੁੱਖੀ ਹੋਣ ਤੋਂ ਬਚਾਉਂਦਾ ਹੈ। ਬਹੁਤ ਸਾਰੇ ਲੋਕ ਆਪਣੇ ਜੀਵਨ ਵਿਚ ਝੂਠੀਆਂ ਮਾਨਤਾਵਾਂ ਦੇ ਕਾਰਣ ਦੁੱਖੀ ਹੁੰਦੇ ਹਨ। ਇਹ ਮਾਨਤਾ ਇਹ ਹੈ ਕਿ ਕੋਈ ਭੈਅ ਜਾਂ ਇੱਕਲਾਪਣ, ਉਲਝਣ ਜਾਂ ਸੰਦੇਹ ਨਹੀਂ ਹੋਣਾ ਚਾਹੀਦਾ। ਪਰ ਅਜਿਹੇ ਕਲੇਸ਼ਾਂ ਦਾ ਸਾਹਮਣਾ ਸਿਰਫ਼ ਮਨੁੱਖ ਦੇ ਜੀਵਨ ਵਿਚ ਆਉਣ ਵਾਲੇ ਨਾਲ ਨਾ ਟਲਣ ਵਾਲੇ ਦੁੱਖਾਂ ਦੇ ਰੂਪ ਵਿਚ ਸਮਝ ਕੇ ਰਚਨਾਤਮਕ ਢੰਗ ਨਾਲ ਹੀ ਹੋ ਸਕਦਾ ਹੈ। ਇਸ ਕਰਕੇ ਸੇਵਕਾਈ ਇਕ ਬਹੁਤ ਵੱਡੀ ਚੁਣੌਤੀ ਦੀ ਸੇਵਾ ਹੈ। ਇਹ ਲੋਕਾਂ ਨੂੰ ਅਨੈਤਿਕਤਾ ਤੋਂ ਅਤੇ ਪਵਿੱਤਰ ਹੋਣ ਦੇ ਭਰਮਾਂ ਵਿੱਚੋਂ ਕੱਢਦੀ ਹੈ। ਇਹ ਲੋਕਾਂ ਨੂੰ ਯਾਦ ਦੁਆਉਂਦੀ ਹੈ ਕਿ ਉਹ ਨਾਸ਼ਵਾਨ ਅਤੇ ਨਿਰਾਸ਼ ਤਾਂ ਹਨ ਹੀ, ਪਰ ਆਪਣੀ ਇਸ ਸਥਿਤੀ ਨੂੰ ਪਛਾਣ ਕੇ ਸੁਤੰਤਰਤਾ ਲਈ ਆਉਂਦੇ ਹਨ।[3]

ਮੇਰਾ ਮੰਨਣਾ ਹੈ ਕਿ ਯਿਸੂ ਦੁਖੀ ਪਿਤਾ ਅਤੇ ਉਸ ਦੇ ਮਰ ਰਹੇ ਬੱਚੇ ਲਈ ਸਚਮੁੱਚ ਚਿੰਤਤ ਸੀ, ਪਰ ਮੇਰਾ ਵਿਸ਼ਵਾਸ ਹੈ ਕਿ ਉਨ੍ਹਾਂ ਪ੍ਰਤੀ ਇਸ ਤੋਂ ਵੀ ਵੱਧ ਉਸ ਨੂੰ ਪਰਮੇਸ਼ੁਰ ਦੇ ਉਨ੍ਹਾਂ ਦੇ

ਸਬੰਧ ਬਾਰੇ ਸੀ। ਯਿਸੂ ਚਾਹੁੰਦਾ ਸੀ ਕਿ ਉਹ ਚੰਗਾ ਹੋ ਜਾਵੇ ਅਤੇ ਪਿਤਾ ਦਾ ਦਿਲ ਨਾ ਟੁੱਟੇ, ਪਰ ਇਸ ਤੋਂ ਵੀ ਵੱਧ ਉਸਦੀ ਇੱਛਾ ਇਹ ਸੀ ਕਿ ਗੁਆਚੇ ਹੋਏ ਲੋਕ ਉਧਾਰ ਪਾ ਲੈਣ। ਯਿਸੂ ਨੇ ਵੇਖਿਆ ਕਿ ਉਸ ਸਮੇਂ ਰਾਜੇ ਦੇ ਉਸ ਕਰਮਚਾਰੀ ਦੀ ਸਭ ਤੋਂ ਵੱਡੀ ਲੋੜ ਉਸ ਸਮੇਂ ਸਰੀਰਕ ਰੂਪ ਤੋਂ ਛੁਟਕਾਰਾ ਪਾਉਣਾ ਨਹੀਂ ਸਗੋਂ ਪਰਮੇਸ਼ੁਰ ਸੀ! ਯਿਸੂ ਨੇ ਇਹ ਵੀ ਵੇਖਿਆ ਕਿ ਆਪਣੇ ਪੁੱਤਰ ਦੀ ਸੰਭਾਵਤ ਮੌਤ ਤੋਂ ਇਸ ਵਿਅਕਤੀ ਦੀ ਆਪਣੀ ਸਭ ਤੋਂ ਵੱਡੀ ਲੋੜ ਦੀ ਸਮਝ ਆ ਗਈ ਸੀ।

ਅੱਗੇ ਵਧਣ ਤੋਂ ਪਹਿਲਾਂ, ਸਾਨੂੰ ਸਭਨਾਂ ਨੂੰ ਆਪਣੇ ਆਪ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ ਸਾਡੀ ਇਸ ਸਮੇਂ ਸਭ ਤੋਂ ਵੱਡੀ ਚਿੰਤਾ ਕੀ ਹੈ। ਇਸ ਸਮੇਂ ਤੁਹਾਡੇ ਮਨ ਵਿਚ ਕਿਹੜੀਆਂ ਗੱਲਾਂ ਸਭ ਤੋਂ ਮਹੱਤਵਪੂਰਣ ਹਨ? ਜਦ ਕਿ ਤੁਹਾਡੇ ਲਈ ਮਹੱਤਵਪੂਰਣ ਹੈ, ਪਰ ਸ਼ਾਇਦ ਤੁਹਾਡੀ ਸਭ ਤੋਂ ਵੱਡੀ ਜ਼ਰੂਰਤ ਨਹੀਂ ਹੈ। ਪਰ ਹੋ ਸਕਦਾ ਹੈ ਕਿ ਇਸੇ ਗੱਲ ਕਾਰਣ ਤੁਹਾਨੂੰ ਆਪਣਾ ਮਨ ਖੋਲ੍ਹਣ ਦੀ ਸਭ ਤੋਂ ਵੱਡੀ ਲੋੜ ਦਾ ਅਹਿਸਾਸ ਹੋ ਜਾਏ!

ਯਿਸੂ ਵੱਲੋਂ ਲੋਕਾਂ ਨੂੰ ਝਿੜਕਣਾ ਬਾਰ-ਬਾਰ ਪਿਤਾ ਦੀ ਇਸ ਬੇਨਤੀ ਤੋਂ ਕਿ, ''ਪ੍ਰਭੂ ਜੀ ਤੁਸੀਂ ਮੇਰੇ ਨੀਂਗਰ ਦੇ ਮਰਨ ਤੋਂ ਅੱਗੇ ਹੀ ਚੱਲੋ'' (4:49) ਰੁਕ ਜਾਂਦਾ ਹੈ। ਇੱਥੇ ਉਸ ਨੇ ਆਇਤਾਂ 46 ਅਤੇ 47 ਤੋਂ ਵੱਧ ਸ਼ਬਦ *huios* ਭਾਵ ''ਮੇਰਾ ਪੁੱਤਰ'' ਦੀ ਥਾਂ ਯੂਨਾਨੀ ਸ਼ਬਦ *Paidion* ਭਾਵ ''ਮੇਰਾ ਛੋਟਾ ਲੜਕਾ'' ਵਰਤਿਆ! ਇੱਥੇ ਕਿਸੇ ਰੁਤਬੇ ਅਹੁਦੇ ਦੀ ਗੱਲ ਨਹੀਂ ਮਿਲਦੀ। ਇਹ ਇਕ ਦੁਖੀ ਆਦਮੀ ਦੀ ਆਪਣੇ ''ਛੋਟੇ ਲੜਕੇ'' ਲਈ ਬੇਨਤੀ ਕਰਦਿਆਂ ਦਿਲ ਦੇ ਦਰਦ ਦੀ ਤਸਵੀਰ ਮਿਲਦੀ ਹੈ।

ਅਖ਼ੀਰ ਚੰਗਿਆਈ ਦੇ ਸ਼ਬਦ ਅਸਾਨ ਅਤੇ ਸਾਫ਼ ਸਨ। ਯਿਸੂ ਨੇ ਐਨਾ ਹੀ ਕਿਹਾ, ''ਜਾਹ! ਤੇਰਾ ਪੁੱਤਰ ਜ਼ਿੰਦਾ ਹੈ'' (4:50)। ਆਪਣੇ ਮਕਸਦ ਨੂੰ ਪੂਰਾ ਕਰਨ ਲਈ ਉਸਨੂੰ ਕਫ਼ਰਨਾਹੂਮ ਤਕ ਵੀਹ ਮੀਲ ਚੱਲਣ ਦੀ ਲੋੜ ਨਹੀਂ ਸੀ। ਉਸ ਨੇ ਕਿਹਾ ਅਤੇ ਉਹ ਲੜਕਾ ਠੀਕ ਹੋ ਗਿਆ।

## ਵਿਸ਼ਵਾਸ ਦੀ ਰਾਤ (4:50-54)

ਉਸ ਪਿਤਾ ਦੀ ਹਨ੍ਹੇਰੀ ਰਾਤ ਯਿਸੂ ਦੀ ਇਕ ਗੱਲ ਨਾਲ ਖ਼ਤਮ ਹੋ ਚੁੱਕੀ ਸੀ, ਜਾਂ ਅਜੇ ਬਾਕੀ ਸੀ? ਆਪਣੀਆਂ ਅੱਖਾਂ ਨਾਲ ਵੇਖਣ ਲਈ ਕਿ ਉਸਦਾ ਛੋਟਾ ਲੜਕਾ ਠੀਕ ਹੋ ਗਿਆ ਹੈ ਉਸਨੂੰ ਅਜੇ ਵੀਹ ਮੀਲ ਚੱਲਣਾ ਸੀ। ਕਿਸੇ ਕਾਰਣ ਸ਼ਾਇਦ ਇਸ ਲਈ ਕਿਉਂਕਿ ਰਾਤ ਬਹੁਤ ਹੋ ਚੁੱਕੀ ਸੀ।[4] ਜਾਂ ਉਹ ਥੱਕ ਚੁੱਕਿਆ ਸੀ) ਉਹ ਉਸ ਰਾਤ ਘਰ ਨਹੀਂ ਜਾ ਪਾਇਆ ਸੀ। ਅਗਲੇ ਦਿਨ ਉਸ ਨੂੰ ਉਹ ਸੇਵਕ ਮਿਲੇ, ਜਿਹੜੇ ਉਸਨੂੰ ਇਹ ਦੱਸਣ ਲਈ ਆ ਰਹੇ ਸਨ ਕਿ ਉਸ ਦਾ ਪੁੱਤਰ ਸਚਮੁੱਚ ਜਿਉਂਦਾ ਹੈ ਅਤੇ ਠੀਕ ਹੈ। ਜਦ ਉਸ ਨੇ ਪੁੱਛਿਆ ਕਿ ਉਹ ਕਦ ਚੰਗਾ ਹੋਇਆ, ਤਾਂ ਉਨ੍ਹਾਂ ਉਸ ਨੂੰ ਦੱਸਿਆ ਕਿ, ''ਕੱਲ੍ਹ ਦੁਪਹਿਰ ਦੇ ਇਕ ਵਜੇ ਤੋਂ ਉਹ ਦਾ ਤਾਪ ਲਹਿ ਗਿਆ'' (4:52)। ਉਸ ਨੂੰ ਯਾਦ ਆਇਆ ਕਿ ਉਸੇ ਵਕਤ ਤਾਂ ਯਿਸੂ ਨੇ ਉਸਨੂੰ ਕਿਹਾ ਸੀ ਕਿ, ''ਤੇਰਾ ਪੁੱਤਰ ਜੀਉਂਦਾ ਹੈ।''

ਇਸ ਕਹਾਣੀ ਦੀ ਗੱਲ ਜੋ ਮੈਨੂੰ ਆਪਣੇ ਵੱਲ ਖਿੱਚਦੀ ਹੈ ਅਤੇ ਜਿਸ ਦੇ ਬਾਰੇ 1977 ਵਿਚ ਆਪਣੇ ਸ਼ਕਤੀਸ਼ਾਲੀ ਸੰਦੇਸ਼ਾਂ ਵਿਚ ਓਟਿਸ ਗੇਟਵੁੱਡ ਨੇ ਦੱਸਿਆ ਸੀ ਕਿ ਉਹ ਇਹ ਹੈ ਕਿ ਉਸ ਲੜਕੇ ਦੇ ਪਿਤਾ ਨੇ ਆਪਣੇ ਪੁੱਤਰ ਦੇ ਚੰਗਾ ਹੋਣ ਦਾ ਵਾਅਦਾ ਅਤੇ ਉਸ ਮੋਅਜਜ਼ੇ ਦੀ ਤਸਦੀਕ ਹੋਣ ਵਿਚ ਇਕ ਰਾਤ ਦਾ ਸਮਾਂ ਕੱਟਿਆ ਸੀ, ਉਸ ''ਨੇ ਉਸ ਵਚਨ ਦੀ ਜਿਹੜਾ

ਯਿਸੂ ਨੇ ਉਹ ਨੂੰ ਆਖਿਆ ਸੀ ਪਰਤੀਤ ਕੀਤੀ ਅਤੇ ਚਲਿਆ ਗਿਆ'' (4:50)। NIV ਵਿਚ ''ਇਹ ਆਦਮੀ ਯਿਸੂ ਦੀ ਗੱਲ ਮੰਨ ਕੇ ਚਲਾ ਗਿਆ'' ਹੈ। ਉਸ ਪਿਤਾ ਦੀ ਜ਼ਿੰਦਗੀ ਦੀ ਉਸ ਰਾਤ ਦੀ ਤਸਵੀਰ ਇਕ ਜ਼ਬਰਦਸਤ ਤਸਵੀਰ ਹੈ ਜਿਸ ਵਿਚ ਸਾਡੀਆਂ ਸਭ ਦੀਆਂ ਜ਼ਿੰਦਗੀਆਂ ਹਨ; ਅਸੀਂ ਵਾਅਦੇ ਅਤੇ ਉਸ ਦੇ ਪੂਰਾ ਹੋਣ ਦੀ ਰਾਤ ਨੂੰ ਝੱਲਦੇ ਹਾਂ।

ਰਾਤ ਦੀਆਂ ਪਰੇਸ਼ਾਨੀਆਂ ਅਤੇ ਭੈਅ ਦਿਨ ਦੇ ਚਾਨਣ ਵਿਚ ਆਉਣ ਵਾਲੀਆਂ ਪਰੇਸ਼ਾਨੀਆਂ ਨਾਲੋਂ ਬਹੁਤੇ ਜੋਖ਼ਿਮ ਭਰੇ ਹੁੰਦੇ ਹਨ। ਡਰਾਉਣੀਆਂ ਫ਼ਿਲਮਾਂ ਹਨੇਰੇ ਵਿਚ ਹੀ ਬਣਾਈਆਂ ਜਾਂਦੀਆਂ ਹਨ ਕਿਉਂਕਿ ਅਸੀਂ ਹਨੇਰੇ ਤੋਂ ਡਰਦੇ ਹਾਂ। ਮੈਂ ਹਨੇਰੇ ਵਿਚ ਬਹੁਤੀਆਂ ਮੁਸ਼ਕਿਲਾਂ ਨੂੰ ਨਹੀਂ ਸਹਿ ਸਕਦਾ। ਜਦ ਮੈਨੂੰ ਨੀਂਦ ਨਾ ਆਏ ਜਾਂ ਕਿਸੇ ਪਰੇਸ਼ਾਨੀ ਕਰਕੇ ਫ਼ਿਕਰ ਨਾਲ ਰਾਤ ਨੂੰ ਜਾਗ ਜਾਵਾਂ, ਤਾਂ ਮੈਂ ਉੱਠ ਕੇ ਰਸੋਈ ਵਿਚ ਚਲਿਆ ਜਾਂਦਾ ਹਾਂ, ਜਿੱਥੇ ਮੈਂ ਲਾਈਟ ਜਗਾ ਕੇ ਖੁੱਲ੍ਹੀਆਂ ਅੱਖਾਂ ਨਾਲ ਆਪਣੇ ਸੰਘਰਸ਼ਾਂ ਤੇ ਵਿਚਾਰ ਕਰ ਸਕਦਾ ਹਾਂ।

ਉਹ ਕਰਮਚਾਰੀ ਘਰ ਤੋਂ ਵੀਹ ਮੀਲ ਦੂਰ ਸੀ, ਇਸ ਕਰਕੇ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਉਸ ਨੇ ਉਮੀਦ ਦੇ ਉਲਟ ਆਸ ਕਰਦਿਆਂ ਆਪਣੇ ਮਨ ਵਿਚ ਆਉਣ ਵਾਲੇ ਡਰਾਂ ਨਾਲ ਸੰਘਰਸ਼ ਕਰਦੇ ਹੋਏ ਉਹ ਰਾਤ ਕੱਟੀ ਹੋਵੇਗੀ। ਪਤਾ ਨਹੀਂ ਇਕ ਪਲ ਵਿਚ ਆਸ਼ਾਵਾਦੀ ਭਰੋਸੇ ਤੋਂ ਅਗਲੇ ਪਲ ਸ਼ੱਕ ਦੇ ਹਨੇਰੇ ਵਿਚ ਉਹ ਕਿਵੇਂ ਝੂਲ ਰਿਹਾ ਹੋਵੇਗਾ। ਸਾਨੂੰ ਤਾਂ ਉਸਦਾ ਨਾਂਅ ਵੀ ਪਤਾ ਨਹੀਂ, ਪਰ ਅਸੀਂ ਸਭ, ਇਸ ਆਦਮੀ ਨੂੰ ਪਛਾਣ ਸਕਦੇ ਹਾਂ; ਕਿਉਂਕਿ ਸਾਨੂੰ ਸਭ ਨੂੰ ਵਾਅਦੇ ਅਤੇ ਉਸਦੇ ਪੂਰੇ ਹੋਣ ਵਿਚਲੀ ਰਾਤ ਦੇ ਸਮੇਂ ਦਾ ਅਨੁਭਵ ਹੈ।

ਨਵੰਬਰ 10, 1994 ਦੇ ਦਿਨ ਕਲਾਉਡਿਟ ਜੋਨਜ਼ ਨਾਮਕ ਇਕ ਬਹੁਤ ਚੰਗੀ ਔਰਤ ਦੀ ਕੈਂਸਰ ਨਾਲ ਲੰਮੀ ਲੜਾਈ ਦੇ ਬਾਅਦ ਮੌਤ ਹੋ ਗਈ। ਉਸ ਨੇ ਆਪਣੀ ਬੀਮਾਰੀ ਅਤੇ ਤਕਲੀਫ਼ਾ ਦਾ ਬੜੇ ਹੀ ਸ਼ਾਨਦਾਰ ਅਤੇ ਅਜਬ ਦਲੇਰੀ ਨਾਲ ਮੁਤਾਬਲਾ ਕੀਤਾ। ਉਸਦੇ ਪਤੀ ਜੈਰੀ ਅਤੇ ਉਸਦੇ ਬੱਚਿਆਂ ਨੂੰ ਆਪਣੇ ਦੋਸਤਾਂ ਸਣੇ ਉਨ੍ਹਾਂ ਹਜ਼ਾਰਾਂ ਲੋਕਾਂ ਨਾਲ ਜਿਨ੍ਹਾਂ ਨੂੰ ਉਸ ਕਦੇ ਨਹੀਂ ਵੇਖਿਆ ਸੀ ਉਸ ਅਨੋਖੇ ਢੰਗ ਨਾਲ ਬਰਕਤ ਮਿਲੀ, ਜੋ ਉਸ ਨੇ ਆਪਣੀ ਬੀਮਾਰੀ ਅਤੇ ਮੌਤ ਦੇ ਰਾਹੀਂ ਪਾਈ। ਮੌਤ ਤੋਂ ਇਕ ਹਫ਼ਤੇ ਪਹਿਲਾਂ ਉਸ ਨੇ ਫ਼ੋਨ ਤੇ ਆਪਣੀ ਮਾਂ ਜਾਰਜੀਆ ਡਿਊਬੋਏਸ ਨਾਲ ਗੱਲ ਕੀਤੀ। ਇਹ ਜਾਣਦੇ ਹੋਏ ਕਿ ਛੇਤੀ ਹੀ ਉਸਦੀ ਮੌਤ ਹੋ ਜਾਵੇਗੀ, ਕਲਾਉਡਿਟ ਨੇ ਆਪਣੀ ਮਾਂ ਨੂੰ ਕਿਹਾ ਸੀ, ''ਡੈਡੀ ਅਤੇ ਮੈਂ ਤੁਹਾਡੀ ਉਡੀਕ ਕਰਾਂਗੇ।'' ਖ਼ੁਦਾ ਆਪਣੇ ਬੱਚਿਆਂ ਨਾਲ ਇਸੇ ਤਰ੍ਹਾਂ ਵਾਅਦਾ ਕਰਦਾ ਹੈ। ਕਲਾਉਡਿਟ ਲਈ ਵਿਸ਼ਵਾਸ ਹੁਣ ਵੇਖਣ ਦੀ ਗੱਲ ਹੋ ਗਈ ਹੈ, ਜਦ ਕਿ ਸਾਡੇ ਲਈ ਜੋ ਵਾਅਦਾ ਅਤੇ ਸੁਰਗ ਵਿਚ ਉਸ ਵਾਅਦੇ ਦੇ ਪੂਰਾ ਹੋਣ ਵਿਚਲੇ ਹਨੇਰੇ ਨੂੰ ਸਹਿਣ ਕਰਦੇ ਹਨ, ਇਹ ਅਜੇ ਵੀ ਹੈ।

ਉਸ ਪਰੇਸ਼ਾਨ ਪਿਤਾ ਦਾ ਅਨੁਭਵ ਯਿਸੂ ਵਿਚ ਸਾਡੇ ਵਿਸ਼ਵਾਸ ਦੇ ਵਧਣ ਲਈ ਇਕ ਨਮੂਨਾ ਸੀ। ਕਹਾਣੀ ਦੇ ਸ਼ੁਰੂ ਵਿਚ, ਇਸ ਪਿਤਾ ਦਾ ਯਿਸੂ ਵਿਚ ਐਨਾ ਵਿਸ਼ਵਾਸ ਸੀ ਕਿ ਉਹ ਆਪਣੇ ਪੁੱਤਰ ਨੂੰ ਬਚਾਉਣ ਲਈ ਯਿਸੂ ਦੇ ਕੋਲ ਆ ਕੇ ਭੀਖ ਮੰਗਣ ਲੱਗਾ। ਉਸ ਦਾ ਵਿਸ਼ਵਾਸ ''ਮੇਰੇ ਕੋਲ ਗੁਆਉਣ ਲਈ ਕੁਝ ਨਹੀਂ''ਵਰਗਾ ਸੀ (4:50)। ਅਖ਼ੀਰ ਚਸ਼ਮਦੀਦ ਗਵਾਹਾਂ ਤੋਂ ਸੁਣ ਕੇ ਕਿ ਉਸਦਾ ਪੁੱਤਰ ਜ਼ਿੰਦਾ ਹੈ, ''ਉਸ ਨੇ ਅਤੇ ਉਸਦੇ ਸਾਰੇ ਘਰਾਣੇ ਨੇ ਵਿਸ਼ਵਾਸ ਕੀਤਾ'' (4:53)। ਨਿਰਾਸ਼ਾ ਭਰੀ ਆਸ ਨਾਲ ਉਸਦੇ ਪੱਕੇ ਇਰਾਦੇ ਤਕ ਵਿਸ਼ਵਾਸ ਵਿਚ ਵਧਣ ਤੇ ਧਿਆਨ ਦਿਓ। ਉਸ ਤੋਂ ਪਤਾ ਲਗਦਾ ਹੈ ਕਿ ਵਿਸ਼ਵਾਸ ਭਰੋਸੇ ਤੇ ਭਰੋਸਾ ਕਰਨ ਦੀ ਔਖੀ ਅਤੇ ਚੂਰ ਚੂਰ ਕਰ ਦੇਣ ਵਾਲੀ ਪ੍ਰਕਿਰਿਆ ਹੈ।

# ਸਾਰ

ਰਾਜੇ ਦੇ ਕਰਮਚਾਰੀ ਅਤੇ ਯਿਸੂ ਦੀ ਇਸ ਕਹਾਣੀ ਨੂੰ ਪੂਰੀ ਕਰਨ ਤੋਂ ਪਹਿਲਾਂ ਇਸ ਸੱਚਾਈ ਤੇ ਜ਼ੋਰ ਦੇਣਾ ਜ਼ਰੂਰੀ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਯਿਸੂ ਦੇ ਚਿਹਰੇ ਨੂੰ ਬੜੇ ਗਹੁ ਨਾਲ ਵੇਖੋ। ਉਸ ਦੇ ਚਿਹਰੇ ਵਿਚ ਵੇਖ ਕੇ ਤੁਹਾਡੀ ਆਸ ਵਿਚ ਮਜ਼ਬੂਤੀ ਅਤੇ ਭਰੋਸਾ ਤੁਹਾਨੂੰ ਸਹੀ ਦਿਸ਼ਾ ਵਿਚ ਲੈ ਜਾਏਗਾ।

ਸਭ ਤੋਂ ਪਹਿਲਾਂ, ਸੱਚਾਈ ਦਾ ਚਿਹਰਾ ਵੇਖੋ। ਯਿਸੂ ਨੇ ਇਸ ਮੁਲਾਕਾਤ ਵਿਚ ਵਿਖਾਇਆ ਕਿ ਉਹ ਨਹੀਂ ਚਾਹੁੰਦਾ ਕਿ ਅਸੀਂ ਉਸ ਵਿਚ ਕੋਈ ਝੂਠ ਦੀ ਜ਼ਿੰਦਗੀ ਕੱਟੀਏ। ਦੁੱਖ ਤੋਂ ਸਾਡੇ ਛੁਟਕਾਰੇ ਨਾਲੋਂ ਵੀ ਅਹਿਮ ਗੱਲ ਖ਼ੁਦਾ ਨਾਲ ਸਾਡਾ ਰਿਸ਼ਤਾ ਹੈ। ਮਸੀਹੀ ਹੋਣ ਕਰਕੇ ਸਾਨੂੰ ਸੱਚਾਈ ਲਈ ਆਪਣੀ ਵਚਨਬੱਧਤਾ ਤੋਂ ਹਟਣ ਲਈ ਆਪਣੇ ਸਮਾਜ ਦੀ ਤਕਲੀਫ਼ ਰਹਿਤ ਜ਼ਿੰਦਗੀ ਦੇ ਵਿਚਾਰ ਨੂੰ ਵਿਚ ਨਹੀਂ ਆਉਣ ਦੇਣਾ ਚਾਹੀਦਾ। ਹਰ ਆਦਮੀ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਗੱਲ ਉਸਦੀ ਆਤਮਾ ਦਾ ਬਚਾਇਆ ਜਾਣਾ ਹੈ। ਯਿਸੂ ਨੇ ਇਸੇ ਗੱਲ ਨੂੰ ਹਮੇਸ਼ਾ ਸਾਹਮਣੇ ਰੱਖਿਆ; ਤੁਸੀਂ ਅਤੇ ਮੈਂ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ।

ਫਿਰ ਦਿਆ ਦਾ ਚਿਹਰਾ ਵੇਖੋ। ਯਿਸੂ ਨੇ ਬਾਰ-ਬਾਰ ਇਹ ਚਿਹਰਾ ਵਿਖਾਇਆ ਕਿ ''ਸ਼ਬਦ ਦੇਹਧਾਰੀ ਹੋਇਆ,'' ਜਿਸ ਕਰਕੇ ਉਹ ਮਨੁੱਖ ਦੀ ਹਾਲਤ ਨੂੰ ਸਮਝ ਸਕਦਾ ਸੀ। ਯਿਸੂ ਜਾਣਦਾ ਸੀ ਕਿ ਅਨਾਦੀਕਾਲ ਦੇ ਸੰਦਰਭ ਵਿਚ ਉਸ ਛੋਟੇ ਲੜਕੇ ਦੀ ਚੰਗਿਆਈ ਨਾਲ ਮੌਤ ਨੂੰ ਸਿਰਫ਼ ਥੋੜ੍ਹੀ ਦੇਰ ਲਈ ਹੀ ਟਾਲਿਆ ਗਿਆ ਹੈ। ਬਾਅਦ ਵਿਚ ਇਕ ਦਿਨ, ਉਸ ਲੜਕੇ ਨੇ ਮਰ ਜਾਣਾ ਸੀ। ਅਨਾਦੀਕਾਲ ਦੇ ਸੰਦਰਭ ਵਿਚ, ਮੈਨੂੰ ਨਹੀਂ ਲਗਦਾ ਕਿ ਇਸ ਨਾਲ ਕੋਈ ਵੱਡਾ ਫ਼ਰਕ ਪਿਆ ਹੋਵੇਗਾ; ਪਰ ਆਪਣੇ ਕਿਸੇ ਅਜ਼ੀਜ਼ ਦੀ ਮੌਤ ਤੇ ਮਨੁੱਖੀ ਜੀਵ ਬੜੇ ਦੁਖੀ ਹੁੰਦੇ ਹਨ। ਯਿਸੂ ਉਸ ਲੜਕੇ ਦੇ ਪਿਤਾ ਦੀ ਪੀੜ ਨੂੰ ਸਮਝਦਾ ਸੀ ਅਤੇ ਉਸ ਨੇ ਉਸਦੇ ਪੁੱਤਰ ਨੂੰ ਚੰਗਾ ਕਰਨ ਲਈ ਦਿਆ ਤੋਂ ਕੰਮ ਲਿਆ।

ਅਖ਼ੀਰ ਵਿਚ, ਉਮੀਦ ਦਾ ਚਿਹਰਾ ਵੇਖੋ। ਯਿਸੂ ਨੇ ਕਦੇ ਵੀ ਸਾਡੀ ਹਰ ਬੀਮਾਰੀ ਨੂੰ ਚੰਗਾ ਕਰਨ ਦਾ ਵਾਅਦਾ ਨਹੀਂ ਕੀਤਾ ਪਰ ਉਸ ਨੇ ਜਾ ਕੇ ਸਾਡੇ ਲਈ ਜਗ੍ਹਾ ਤਿਆਰ ਕਰਨ ਦਾ ਵਾਅਦਾ ਜ਼ਰੂਰ ਕੀਤਾ (ਯੂਹੰਨਾ 14:2)। ਉਸ ਨੇ ਕਦੇ ਅਰਾਮ ਨਾਲ ਸਾਨੂੰ ਕੁਝ ਦੇਣ ਦਾ ਵਾਅਦਾ ਨਹੀਂ ਕੀਤਾ, ਬਲਕਿ ਹਮੇਸ਼ਾ ਸਾਡੇ ਨਾਲ ਰਹਿਣ ਦਾ ਵਾਅਦਾ ਉਸਨੇ ਜ਼ਰੂਰ ਕੀਤਾ (ਮੱਤੀ 28:20)। ਉਸ ਨੇ ਸਾਨੂੰ ਉਸਤੇ ਭਰੋਸਾ ਰੱਖਣ ਅਤੇ ਜ਼ਿੰਦਗੀ ਨੂੰ ਭੈਅਭੀਤ ਕਰਨ ਵਾਲੀ ਰਾਤ ਦੇ ਸਮੇਂ ਉਸ ਦੇ ਪਿੱਛੇ ਚੱਲਣ ਲਈ ਬੁਲਾਇਆ ਹੈ। ਯੂਹੰਨਾ ਨੇ ਐਲਾਨ ਕੀਤਾ ਅਤੇ ਸਾਡਾ ਵਿਸ਼ਵਾਸ ਹੈ ਕਿ ਯਿਸੂ ਸਾਡੇ ਭਰੋਸੇ ਦੇ ਯੋਗ ਹੈ!

---

ਟਿੱਪਣੀਆਂ

[1]''ਯਿਸੂ ਦੀ ਸੇਵਕਾਈ ਦੌਰਾਨ ਫ਼ਲਸਤੀਨ'' ਵਾਲਾ ਨਕਸ਼ਾ ਵੇਖੋ। [2]ਵੇਖੋ 2:23, 24; 6:26. [3]ਹੈਨਰੀ ਜੇ. ਐੱਮ. ਨਿਊਵੇਨ, *ਦ ਵੂੰਡਡ ਹੀਲਰ* (ਗਾਰਡਨ ਸਿਟੀ, ਨਿਊ ਯਾਰਕ: ਇਮੇਜ ਬੁੱਕਸ, 1972), 92-93. [4]''ਸਤਵਾਂ ਘੰਟਾ'' ਯਹੂਦੀ ਸਮੇਂ ਦਾ ਦੁਪਿਹਰ ਦੇ 1 ਵਜੇ ਜਾਂ ਰੋਮੀ ਸਮੇਂ ਸ਼ਾਮ 7 ਵਜੇ ਹੋਵੇਗਾ।